File No. DIPR-PRSS0PFA1(367)/23/2020PFA-DIPR

1/14886/2020

ਵਲੋਂ

ਡਾਇਰੈਕਟਰ,
ਸੂਚਨਾ ਤੇ ਲੋਕ ਸੰਪਰਕ ਵਿਭਾਗ, ਪੰਜਾਬ,
ਚੰਡੀਗੜ੍ਹ।

ਵੱਲ,

1) ਰਾਜ ਦੇ ਸਮੂਹ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ,

2) ਸੂਚਨਾ ਤੇ ਲੋਕ ਸੰਪਰਕ ਵਿਭਾਗ, ਪੰਜਾਬ, ਨਵੀਂ ਦਿੱਲੀ,

3) ਵਧੀਕ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਸ੍ਰੀ ਆਨੰਦਪੁਰ ਸਾਹਿਬ ਅਤੇ ਬਟਾਲਾ।

ਨੰ: ਪੀ.ਆਰ.(ਪੀ.ਐਫ.ਏ.)-2020/
ਮਿਤੀ, ਚੰਡੀਗੜ੍ਹ:

ਵਿਸ਼ਾ: **ਪੱਤਰਕਾਰਾਂ ਨੂੰ 'ਪੀਲਾ ਪ੍ਰੈਸ ਸ਼ਨਾਖ਼ਤੀ ਕਾਰਡ' ਜਾਰੀ ਕਰਨ ਸਬੰਧੀ ਮਿਤੀ 17-12-2019 ਨੂੰ ਜਾਰੀ ਕੀਤੇ ਸੋਧੇ ਦਿਸ਼ਾ ਨਿਰਦੇਸ਼ਾਂ ਦੀ ਲਗਾਤਾਰਤਾ ਵਿੱਚ ਸੋਧ ਕਰਨ ਸਬੰਧੀ।**

'''''

ਮੁੱਖ ਦਫ਼ਤਰ ਦੇ ਪੱਤਰ ਨੰ: ਪੀ.ਆਰ.(ਪੀ.ਐਫ.ਏ.)-2019/1653-1655 ਮਿਤੀ 17-12-2019 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

ਉਪਰੋਕਤ ਹਵਾਲਾ ਅਧੀਨ ਪੱਤਰ ਰਾਹੀਂ ਜਾਰੀ ਕੀਤੇ ਗਏ ਦਿਸ਼ਾ-ਨਿਰਦੇਸ਼ਾਂ ਵਿੱਚ ਕਲਾਜ ਨੰ: 9 :-

**"ਸਬੰਧਤ ਜ਼ਿਲ੍ਹਾ ਲੋਕ ਸੰਪਰਕ ਅਫਸਰ ਵੱਲੋਂ ਕਿਸੇ ਵੀ ਸਿਆਸੀ ਸਰਗਰਮੀਆਂ ਵਿੱਚ ਹਿੱਸਾ ਲੈਣ ਵਾਲੇ ਜਾਂ ਸਿਆਸੀ ਪਾਰਟੀ ਨਾਲ ਸਬੰਧਤ ਪੱਤਰਕਾਰ ਦਾ ਕਾਰਡ ਨਾ ਬਣਾਏ ਜਾਣ ਦੀ ਕਾਰਵਾਈ ਨੂੰ ਯਕੀਨੀ ਬਣਾਇਆ ਜਾਵੇ।"**

ਟਾਈਪਿੰਗ ਮਿਸਟੇਕ ਕਾਰਨ ਦਰਜ ਨਹੀਂ ਹੋਇਆ ਸੀ, ਇਸ ਲਈ ਇਹ ਕਲਾਜ਼ ਪਹਿਲਾ ਦੀ ਤਰਜ "ਤੇ ਸ਼ਾਮਿਲ ਕਰਕੇ ਹੇਠ ਲਿਖੇ ਅਨੁਸਾਰ ਨੰ: ਪੀ.ਆਰ.(ਪੀ.ਐਫ.ਏ.)-2019/1653-1655 ਮਿਤੀ 17-12-2019 ਰਾਹੀਂ ਜਾਰੀ ਕੀਤੇ ਸੋਧੇ ਗਏ ਦਫਤਰੀ ਹੁਕਮਾਂ ਦੀ ਲਗਾਤਾਰਤਾ ਵਿੱਚ ਹੇਠ ਲਿਖੇ ਅਨੁਸਾਰ ਨਵੇਂ ਸੋਧੇ ਦਫਤਰੀ ਹੁਕਮ ਜਾਰੀ ਕੀਤੇ ਜਾਂਦੇ ਹਨ:-

11/3/2020

| | |
|---|---|
| **ਪੰਜਾਬ ਡੈਸਕ ਸਟਾਫ**<br>**(ਰੋਜ਼ਾਨਾ ਅਖਬਾਰ)** | **ਪੀਲੇ ਪ੍ਰੈਸ ਸ਼ਨਾਖਤੀ ਕਾਰਡਾਂ ਲਈ ਯੋਗ** |
| **ਰੋਜ਼ਾਨਾਂ ਛਪਦੇ ਅਖ਼ਬਾਰਾਂ ਵਿੱਚ ਡੈਸਕ 'ਤੇ ਕੰਮ ਕਰਦੇ ਪੱਤਰਕਾਰ ਦਾ ਵੇਰਵਾ:** | **ਸਬ-ਐਡੀਟਰ, ਸੀਨੀਅਰ ਸਬ-ਐਡੀਟਰ, ਚੀਫ ਸਬ-ਐਡੀਟਰ, ਡਿਪਟੀ ਨਿਊਜ਼ ਐਡੀਟਰ, ਐਸੀਸਟੈਂਟ ਐਡੀਟਰ ਆਦਿ।** |

File No. DIPR-PRSS0PFA1(367)/23/2020PFA-DIPR

1/14886/2020

ਰੋਜ਼ਾਨਾ ਅਖ਼ਬਾਰ (ਡੀ.ਏ.ਵੀ.ਪੀ/ਏ.ਬੀ.ਸੀ.ਮਾਨਤਾ ਪ੍ਰਾਪਤ)

| ਲੜੀ ਨੰ. | ਅਖ਼ਬਾਰ ਦੀ ਸਰਕੂਲੇਸ਼ਨ (ਹਜ਼ਾਰ ਤੋਂ ਲੱਖ ਵਿਚ) | ਪੱਤਰਕਾਰਾਂ ਦੀ ਗਿਣਤੀ | | | ਫੋਟੋਗ੍ਰਾਫਰਾਂ ਦੀ ਗਿਣਤੀ | | | ਵਿਸ਼ੇਸ ਕਥਨ |
|---|---|---|---|---|---|---|---|---|
| | | ਜ਼ਿਲ੍ਹਾ ਪੱਧਰ | ਸਬ-ਡਵੀਜ਼ਨ | ਬਲਾਕ/ਤਹਿਸੀਲ/ਸਬ ਤਹਿਸੀਲ | ਜ਼ਿਲ੍ਹਾ ਪੱਧਰ | ਸਬ-ਡਵੀਜ਼ਨ | ਬਲਾਕ/ਤਹਿਸੀਲ/ਸਬ ਤਹਿਸੀਲ | |
| 1 | 25 ਹਜ਼ਾਰ | 02 | 01 | - | 01 | 0 | - | ਬਲਾਕ/ਤਹਿਸੀਲ/ਸਬ-ਤਹਿਸੀਲ ਪੱਧਰ 'ਤੇ ਜਾਰੀ ਹੋਣ ਵਾਲੇ ਕਾਰਡਾਂ ਸਬੰਧੀ ਸਬੰਧਿਤ ਡੀ. ਪੀ. ਆਰ. ਓ. ਆਪਣੇ ਆਪਣੇ ਜਿਲ੍ਹੇ ਅਨੁਸਾਰ ਯੋਗ ਨਿਰਣਾ ਆਪਣੀ ਪੱਧਰ 'ਤੇ ਦਰਸਾਈ ਗਿਣਤੀ ਅਨੁਸਾਰ ਲੈਣ। |
| 2 | 25 ਤੋਂ 75 | 02 | 02 | 01 | 01 | 01 | 01 | |
| 3 | 75 ਤੋਂ 1.5 | 03 | 02 | 01 | 02 | 01 | 01 | |
| 4 | 1.5 ਤੋਂ ਉਪਰ | 05 | 03 | 01 | 02 | 01 | 01 | |

11/3/2020

| ਲੜੀ ਨੰ: | ਹੋਰ ਡੀ.ਏ.ਵੀ.ਪੀ.ਮਾਨਤਾ ਪ੍ਰਾਪਤ ਅਖਬਾਰ | ਸੰਪਾਦਕ | ਰਿਪੋਰਟਰ | ਵਿਸ਼ੇਸ਼ ਕਥਨ |
|---|---|---|---|---|
| 1 | ਹਫਤਾਰਵਾਰੀ | 01 | 0 | --- |
| 2 | ਪੰਦਰਵਾੜਾ | 01 | 0 | --- |
| 3 | ਮਹੀਨਾਵਾਰ | 01 | 0 | --- |

| ਲੜੀ ਨੰ: | | ਇਲੈਕਟ੍ਰੋਨਿਕ ਮੀਡੀਆ (ਡੀ.ਏ.ਵੀ.ਪੀ. ਤੋਂ ਮਾਨਤਾ ਪ੍ਰਵਾਨਤ) | ਰਿਪੋਰਟਰ | ਕੈਮਰਾਮੈਨ | ਵਿਸ਼ੇਸ਼ ਕਥਨ |
|---|---|---|---|---|---|
| 1 | ਨੈਸ਼ਨਲ ਨਿਊਜ਼ ਚੈਨਲ | ਜ਼ਿਲ੍ਹਾ ਪੱਧਰ | 01 | 01 | --- |

File No. DIPR-PRSS0PFA1(367)/23/2020PFA-DIPR
1/14886/2020

(ਪੁਲਿਸ ਜ਼ਿਲ੍ਹਿਆਂ ਦੀ ਵੰਡ ਅਨੁਸਾਰ)

| | | | | | |
|---|---|---|---|---|---|
| 1 | ਖੇਤਰੀ ਨਿਊਜ਼ ਚੈਨਲ | ਲੁਧਿਆਣਾ ਜ਼ਿਲ੍ਹੇ ਵਿੱਚ | 03 | 03 | ---- |
| 2 | | ਜਲੰਧਰ ਜ਼ਿਲ੍ਹੇ ਵਿੱਚ | 02 | 02 | ---- |
| 3 | | ਗੁਰਦਾਸਪੁਰ ਜ਼ਿਲ੍ਹੇ ਵਿੱਚ | 02 | 02 | ---- |
| 4 | | ਅੰਮ੍ਰਿਤਸਰ ਜ਼ਿਲ੍ਹੇ ਵਿੱਚ | 02 | 02 | ---- |
| 5 | | ਇਸ ਤੋਂ ਇਲਾਵਾ ਬਾਕੀ ਰਹਿੰਦੇ 18 ਜ਼ਿਲ੍ਹਿਆਂ ਲਈ | 01 | 01 | ---- |

| ਲੜੀ ਨੰ: | ਸੂਚਨਾ ਤੇ ਲੋਕ ਸੰਪਰਕ ਵਿਭਾਗ ਦੀ ਇਸ਼ਤਿਹਾਰ ਪਾਲਿਸੀ-2015 ਅਨੁਸਾਰ, ਇੰਪੈਨਲਡ ਨਿਊਜ਼ ਵੈਬਸਾਈਟਾਂ/ਨਿਊਜ਼ ਵੈਬ ਟੀ.ਵੀਜ਼ | ਐਡੀਟਰ | ਚੰਡੀਗੜ੍ਹ ਅਤੇ ਜ਼ਿਲ੍ਹਾ ਪੱਧਰ 'ਤੇ | |
|---|---|---|---|---|
| | | | ਰਿਪੋਰਟਰ | ਕੈਮਰਾਮੈਨ |
| 1 | ਇੰਪੈਨਲਡ ਨਿਊਜ਼ ਵੈਬਸਾਈਟਾਂ/ਨਿਊਜ਼ ਵੈਬ ਟੀ.ਵੀਜ਼ | 01 (ਕੇਵਲ ਵੈਬਸਾਇਟ ਲਈ) | 01/01 | 0/01 (ਕੇਵਲ ਵੈਬ ਟੀ.ਵੀਜ਼ ਲਈ) |

1) **"ਰਜਿਸਟਰਾਰ ਆਫ ਨਿਊਜ਼ ਪੇਪਰਜ਼ ਫਾਰ ਇੰਡੀਆ (RNI) ਜਾਂ ਆਡਿਟ ਬਿਊਰੋ ਆਫ਼ ਸਰਕੂਲੇਸ਼ਨ (ABC), ਡਾਇਰੈਕਟੋਰੇਟ ਆਫ ਆਡੀਓ-ਵਿਜ਼ੂਅਲ ਪਬਲੀਸਿਟੀ ਭਾਰਤ ਸਰਕਾਰ (DAVP) ਵਲੋਂ ਜਾਰੀ ਕੀਤਾ ਗਿਆ ਸਰਕੂਲੇਸ਼ਨ ਸਰਟੀਫਿਕੇਟ ਮਾਨਤਾ ਦੇਣ ਲਈ ਵਿਚਾਰਿਆ ਜਾਵੇਗਾ।"**

2) ਪੱਤਰਕਾਰ ਪਾਸ ਅਦਾਰੇ ਵਲੋਂ ਜਾਰੀ ਕੀਤਾ ਵੈਲਿਡ ਨਿਯੁਕਤੀ ਪੱਤਰ ਅਤੇ ਤਜਰਬੇ ਦਾ ਸਰਟੀਫਿਕੇਟ ਹੋਣਾ ਲਾਜ਼ਮੀ ਹੋਵੇ।

3) ਜਿਸ ਅਖਬਾਰ ਲਈ ਪੱਤਰਕਾਰ ਪੀਲਾ ਪ੍ਰੈਸ ਸ਼ਨਾਖਤੀ ਕਾਰਡ ਮੰਗ ਰਿਹਾ ਹੈ, ਉਸ ਅਖ਼ਬਾਰ ਨੂੰ ਛਪਦੇ ਹੋਏ ਘੱਟੋ-ਘੱਟ ਇਕ ਸਾਲ ਹੋ ਗਿਆ ਹੋਵੇ।

4) ਨਵਾਂ ਕਾਰਡ ਬਣਾਉਣ ਜਾਂ ਲੋੜ ਪੈਣ 'ਤੇ, ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਸਬੰਧਤ ਪੱਤਰਕਾਰਾਂ ਦੀ ਜ਼ਿਲ੍ਹਾ ਮੈਜਿਸਟਰੇਟ ਰਾਹੀਂ ਪੁਲਿਸ ਵੈਰੀਫਿਕੇਸਨ ਕਰਵਾਉਣਾ ਲਾਜ਼ਮੀ ਕੀਤਾ ਜਾਵੇ।

5) ਜੇਕਰ ਜ਼ਰੂਰੀ ਹੋਵੇ ਤਾਂ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਕਿਸੇ ਵੀ ਪੱਤਰਕਾਰ ਸਬੰਧੀ ਲੋੜੀਂਦੀ ਜਾਣਕਾਰੀ, ਉਸ ਦੇ ਅਦਾਰੇ ਤੋਂ ਪ੍ਰਾਪਤ ਕਰ ਸਕਦਾ ਹੋਵੇ।

6) ਪੱਤਰਕਾਰ ਵਲੋਂ ਆਪਣੇ ਵਿਰੁੱਧ ਕਿਸੇ ਤਰ੍ਹਾਂ ਦੇ ਮੁਕੱਦਮੇ ਆਦਿ ਦੀ ਜਾਣਕਾਰੀ ਸਬੰਧਤ ਲੋਕ ਸੰਪਰਕ ਅਫ਼ਸਰ ਨੂੰ ਦੇਣਾ ਲਾਜ਼ਮੀ ਹੋਵੇ।

7) ਪੱਤਰਕਾਰ ਵਿਰੁੱਧ ਅਤਿ-ਗੰਭੀਰ ਦੋਸ਼ ਹੇਠ ਐਫ. ਆਈ. ਆਰ. ਹੋਣ ਦੀ ਸੂਰਤ ਵਿਚ ਜਾਂ ਕਿਸੇ ਹੋਰ ਦੋਸ਼ਾਂ ਹੇਠ ਕੋਰਟ ਵਲੋਂ ਸਜ਼ਾ ਨਿਰਧਾਰਿਤ ਹੋਣ 'ਤੇ ਸਬੰਧਤ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਵਲੋਂ ਪੱਤਰਕਾਰ ਦਾ ਸ਼ਨਾਖਤੀ ਕਾਰਡ ਤੁਰੰਤ ਰੱਦ ਕਰਨ ਉਪਰੰਤ ਇਸ ਦੀ ਜਾਣਕਾਰੀ ਮੁੱਖ ਦਫ਼ਤਰ ਨੂੰ ਦੇਣੀ ਜ਼ਰੂਰੀ ਹੋਵੇ।

8) ਜੇ ਕੋਈ ਪੱਤਰਕਾਰ ਸਰਕਾਰੀ/ਬੋਰਡ/ਕਾਰਪੋਰੇਸ਼ਨ ਦੇ ਸਰਕਾਰੀ ਮਾਨਤਾ ਪ੍ਰਾਪਤ ਅਦਾਰੇ ਵਿਚ ਨੌਕਰੀ ਕਰਦਾ ਹੈ ਪ੍ਰੈਸ ਸ਼ਨਾਖਤੀ ਕਾਰਡ ਜਾਰੀ ਕਰਨ ਮੌਕੇ ਸਬੰਧਤ ਵਿਭਾਗ ਦਾ ਐਨ.ਓ.ਸੀ. ਲਾਜ਼ਮੀ ਹੋਵੇ।

File No. DIPR-PRSS0PFA1(367)/23/2020PFA-DIPR

1/14886/2020

9) ਸਬੰਧਤ ਜਿਲ੍ਹਾ ਲੋਕ ਸੰਪਰਕ ਅਫਸਰ ਵੱਲੋਂ ਕਿਸੇ ਵੀ ਸਿਆਸੀ ਸਰਗਰਮੀਆਂ ਵਿੱਚ ਹਿੱਸਾ ਲੈਣ ਵਾਲੇ ਜਾਂ ਸਿਆਸੀ ਪਾਰਟੀ ਨਾਲ ਸਬੰਧਤ ਪੱਤਰਕਾਰ ਦਾ ਕਾਰਡ ਨਾ ਬਣਾਏ ਜਾਣ ਦੀ ਕਾਰਵਾਈ ਨੂੰ ਯਕੀਨੀ ਬਣਾਇਆ ਜਾਵੇ।

10) ਵਿੱਦਿਅਕ ਯੋਗਤਾ ਅਤੇ ਰਿਹਾਇਸ਼ ਦਾ ਸਬੂਤ ਲਾਜ਼ਮੀ ਹੋਵੇ।

11) ਕਿਸੇ ਵੀ ਅਖਬਾਰ/ਮੈਗਜੀਨ ਦੀ ਛਪਣ ਦੀ ਗਿਣਤੀ (ਸਰਕੁਲੇਸ਼ਨ) ਸਬੰਧੀ ਲੋੜ ਪੈਣ 'ਤੇ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਸਬੰਧਤ ਪਾਸੋਂ ਲੋੜੀਂਦੇ ਦਸਤਾਵੇਜਾਂ ਦੀ ਮੰਗ ਕਰ ਸਕਦਾ ਹੈ।

ਮਿਤੀ ਚੰਡੀਗੜ੍ਹ:
09/03/2020

ਡਾਇਰੈਕਟਰ,
ਸੂਚਨਾ ਤੇ ਲੋਕ ਸੰਪਰਕ ਵਿਭਾਗ, ਪੰਜਾਬ,
ਚੰਡੀਗੜ੍ਹ।

Deputy Director
PFA-DIPR
09/03/2020